ਅਧਿਆਇ 15

ਅਲੀਫ਼ਜ਼ ਦੀ ਦੂਜੀ ਗੱਲ

ਗੱਲਬਾਤ ਦੇ ਦੂਜੇ ਚੱਕਰ ਵਿਚ (15:1-21:34) ਬੋਲਣ ਵਾਲਿਆਂ ਦੀ ਤੀਬਰਤਾ ਵਿਚ ਇਕ ਮਹੱਤਵਪੂਰਣ ਵਾਧਾ ਜ਼ਾਹਰ ਹੈ। ਉਨ੍ਹਾਂ ਦੀਆਂ ਝਿੜਕਾਂ ਤਿੱਖੀਆਂ ਅਤੇ ਵਧੇਰੇ ਨਿੱਜੀ ਸਨ। ਬਦਕਿਸਮਤੀ ਨਾਲ ਮਿੱਤਰਾਂ ਨੇ ਉਨ੍ਹਾਂ ਦੀਆਂ ਟਿੱਪਣੀਆਂ ਦੁਆਰਾ "ਰੌਸ਼ਨੀ" ਨਾਲੋਂ ਵਧੇਰੇ "ਗਰਮੀ" ਪੈਦਾ ਕੀਤੀ।

ਅਧਿਆਇ 15 ਵਿਚ, "ਅਲੀਫ਼ਜ਼ ਨੇ ਧੁਨ ਅਤੇ ਆਤਮਾ ਵਿਚ ਇਕ ਸ਼ਾਨਦਾਰ ਤਬਦੀਲੀ ਦਿਖਾਈ।"[1] ਉਸ ਦੀ ਦੂਜੀ ਗੱਲਬਾਤ ਤਿੰਨ ਹਿੱਸਿਆਂ ਵਿਚ ਹੁੰਦੀ ਹੈ: ਅੱਯੂਬ ਨੂੰ ਉਸ ਦੇ ਉਤਾਵਲੇ ਅਤੇ ਅਢੁਕਵੇਂ ਬਿਆਨਾਂ ਲਈ ਝਿੜਕ (15:1-6); ਅੱਯੂਬ ਦੀ ਉਸ ਦੇ ਆਪਣੇ ਗਿਆਨ ਵਿਚ ਭਰੋਸੇ ਦੇ ਲਈ ਝਿੜਕ (15:7-16) ਅਤੇ ਅਲੀਫ਼ਜ਼ ਦਾ ਦੁਸ਼ਟ ਮਨੁੱਖਾਂ ਦੀ ਦੁਰਦਸ਼ਾ ਦਾ ਮੁਲਾਂਕਣ (15:17-35)।

ਉਸ ਦੀ ਗੱਲ ਦੁਆਰਾ ਅੱਯੂਬ ਦਾ ਦੋਸ਼ ਪਰਗਟ ਹੋਇਆ (15:1-6)

**[1]ਤਾਂ ਅਲੀਫ਼ਜ਼ ਤੇਮਾਨੀ ਨੇ ਉੱਤਰ ਦੇ ਕੇ ਆਖਿਆ, [2]ਭਲਾ, ਬੁੱਧੀਮਾਨ ਹਵਾਈ ਗਿਆਨ
ਵਿੱਚ ਉੱਤਰ ਦੇਵੇ, ਅਤੇ ਆਪਣਾ ਪੇਟ ਪੂਰਬ ਦੀ ਹਵਾ ਨਾਲ ਭਰੇ? [3]ਕੀ ਉਹ ਬੇ ਫ਼ੈਦਾ
ਬਕਵਾਸ ਨਾਲ ਬਹਿਸ ਕਰੇ, ਅਤੇ ਹੋਛੀਆਂ ਗੱਲਾਂ ਬਕੇ? [4]ਪਰ ਤੂੰ ਭੈ ਨੂੰ ਮਿਟਾ ਦਿੰਦਾ ਹੈਂ,
ਅਤੇ ਪਰਮੇਸ਼ੁਰ ਦੇ ਹਜ਼ੂਰੋਂ ਧਿਆਨ ਹਟਾ ਲੈਂਦਾ ਹੈਂ। [5]ਤੇਰੀ ਬਦੀ ਤਾਂ ਤੇਰੇ ਮੂੰਹ ਨੂੰ ਸਿਖਾਉਂਦੀ
ਹੈ, ਅਤੇ ਤੂੰ ਛਲੀਆਂ ਦੀ ਜ਼ਬਾਨ ਚੁਣਦਾ ਹੈਂ। [6]ਤੇਰਾ ਹੀ ਮੂੰਹ ਤੈਨੂੰ ਦੋਸ਼ੀ ਠਹਿਰਾਉਂਦਾ ਹੈ,
ਨਾ ਕਿ ਮੈਂ, ਅਤੇ ਤੇਰੇ ਬੁੱਲ੍ਹ ਤੇਰੇ ਵਿਰੁੱਧ ਗਵਾਹੀ ਦਿੰਦੇ ਹਨ।**

ਆਇਤਾਂ 1, 2. ਜਿਵੇਂ ਕਿ **ਅਲੀਫ਼ਜ਼** ਨੇ ਅੱਯੂਬ ਨੂੰ ਜਵਾਬ ਦਿੱਤਾ, ਉਸ ਨੇ ਕਈ ਅਲੰਕਾਰਕ ਪ੍ਰਸ਼ਨ ਪੁੱਛੇ ਜੋ "ਨਹੀਂ" ਜਵਾਬ ਦੀ ਉਮੀਦ ਕਰਦੇ ਹਨ! ਇਨ੍ਹਾਂ ਵਿੱਚੋਂ ਪਹਿਲਾ ਇਹ ਹੈ: **ਭਲਾ, ਬੁੱਧੀਮਾਨ ਹਵਾਈ ਗਿਆਨ ਵਿੱਚ ਉੱਤਰ ਦੇਵੇ, ਅਤੇ ਆਪਣਾ ਪੇਟ ਪੂਰਬ ਦੀ ਹਵਾ ਨਾਲ ਭਰੇ?** ਪ੍ਰਸ਼ਨ ਦੇ ਸ਼ੁਰੂ ਵਿਚ "ਬੁੱਧੀਮਾਨ" (חָכָם, *ਚੱਕਮ)* ਨੂੰ ਜ਼ੋਰ ਦੇਣ ਲਈ ਮੁਢਲੀ ਭਾਸ਼ਾ ਵਿਚ ਰੱਖਿਆ ਜਾਂਦਾ ਹੈ। ਕੀ ਇਹ ਅਲੀਫ਼ਜ਼ ਜਾਂ ਅੱਯੂਬ ਦਾ ਹਵਾਲਾ ਹੈ? ਅਲੀਫ਼ਜ਼ ਸ਼ਾਇਦ ਆਪਣੇ ਆਪ ਨੂੰ "ਬੁੱਧੀਮਾਨ" ਕਹਿ ਰਿਹਾ ਸੀ ਅਤੇ ਇਹ ਪੁੱਛ ਰਿਹਾ ਸੀ ਕਿ ਕੀ ਉਸ ਨੂੰ ਅੱਯੂਬ ਉੱਤੇ ਆਪਣਾ ਸਾਹ ਵਿਅਰਥ ਕਰਨਾ ਚਾਹੀਦਾ ਹੈ। ਦੂਜਾ, ਵਧੇਰੇ ਸੰਭਾਵਤ ਵਿਕਲਪ ਇਹ ਹੈ ਕਿ ਅਲੀਫ਼ਜ਼ ਅੱਯੂਬ ਦੀ ਬੁੱਧ ਤੇ ਸਵਾਲ ਉਠਾ ਰਿਹਾ ਸੀ (ਵੇਖੋ 12:3; 13:2); ਉਹ ਅੱਯੂਬ ਉੱਤੇ ਘਮੰਡ ਨਾਲ ਭਰੇ ਹੋਣ ਦਾ ਦੋਸ਼ ਲਗਾ ਰਿਹਾ ਸੀ।

"ਹਵਾਈ ਗਿਆਨ" ਸਮੱਗਰੀ ਤੋਂ ਵਾਂਝਾ ਗਿਆਨ ਹੈ। "ਪੂਰਬ ਦੀ ਹਵਾ" (קָדִים, *ਕਾਦਿਮ)*

ਅਰਬ ਦੇ ਮਾਰੂਥਲ ਤੋਂ ਆਈ। ਅਰਬੀ ਨੇ ਇਸ ਨੂੰ "ਪੂਰਬ" ਲਈ ਆਪਣੇ ਸ਼ਬਦ ਤੋਂ "ਸਿਰੋਕੋ" ਕਿਹਾ। ਇਸ ਕਿਸਮ ਦੀ ਹਵਾ ਗਰਮੀ ਅਤੇ ਧੂੜ ਕਾਰਨ ਪੈਦਾ ਹੁੰਦੀ ਹੈ। ਇਹ ਲੋਕਾਂ ਦੇ ਚਿੜਚਿੜੇ ਅਤੇ ਬੇਪਰਵਾਹ ਬਣਨ ਦਾ ਕਾਰਣ ਬਣਦੀ ਹੈ।

ਆਇਤ 3. ਬੇ ਫ਼ੈਦਾ ਬਕਵਾਸ ਅਤੇ **ਹੋਛੀਆਂ ਗੱਲਾਂ** ਸੁਣਨ ਵਾਲੇ ਨੂੰ ਕੋਈ ਲਾਭ ਨਹੀਂ ਦਿੰਦੀਆਂ। ਸ਼ਬਦ "ਲਾਭਦਾਇਕ" (סָכַן, *ਸਕਮ)* - ਜਿਸ ਨੂੰ ਇਸ ਆਇਤ ਵਿਚ ਇਕ ਨਕਾਰਾਤਮਕ ਦੁਆਰਾ ਸੋਧਿਆ ਗਿਆ ਹੈ - ਪੁਸਤਕ ਵਿਚ ਕਈ ਵਾਰ ਦਿਖਾਈ ਦਿੰਦਾ ਹੈ (15:3; 22:2; 34:9; 35:3), ਜਿਵੇਂ ਕਿ ਸ਼ਬਦ "ਲਾਭਕਾਰੀ" (יָעַל, *ਯਾਲ)* (15:3; 21:15; 30:13; 35:3)।

ਆਇਤ 4. ਪਰ ਤੂੰ ਭੈ ਨੂੰ ਮਿਟਾ ਦਿੰਦਾ ਹੈਂ, ਅਤੇ ਪਰਮੇਸ਼ੁਰ ਦੇ ਹਜ਼ੂਰੋਂ ਧਿਆਨ ਹਟਾ ਲੈਂਦਾ ਹੈਂ। ਇਹ ਇਕ ਬਹੁਤ ਗੰਭੀਰ ਦੋਸ਼ ਸੀ ਜੋ ਅੱਯੂਬ ਉੱਤੇ ਲਗਾਇਆ ਗਿਆ ਸੀ। ਅਲੀਫ਼ਜ਼ ਨੇ ਆਪਣੀ ਅਗਲੀ ਗੱਲਬਾਤ ਵਿਚ ਇਹ ਦੋਸ਼ ਦੁਹਰਾਇਆ (22:4)। "**ਭੈ**" ਸ਼ਬਦ ਇਬਰਾਨੀ ਸ਼ਬਦ יִרְאָה *(ਯਿਰਾਹ)* ਤੋਂ ਆਇਆ ਹੈ ਜਿਸ ਦਾ ਅਨੁਵਾਦ "ਡਰ" ਵੀ ਕੀਤਾ ਗਿਆ ਹੈ। ਕਹਾਉਤਾਂ ਦੀ ਪੁਸਤਕ ਵਿਚ ਬੁੱਧੀਮਾਨ ਨੇ ਕਿਹਾ ਕਿ "ਯਹੋਵਾਹ ਦਾ ਭੈ" "ਗਿਆਨ ਦਾ ਮੂਲ" ਅਤੇ "ਬੁੱਧ ਦਾ ਮੂਲ" ਹੈ (ਕਹਾਉਤਾਂ 1:7; 9:10)। ਇਹ "ਉਮਰ ਵਧਾਉਂਦਾ ਹੈ," "ਬੁਰਿਆਈ ਤੋਂ ਪਰੇ ਰੱਖਦਾ ਹੈ" ਅਤੇ "ਜੀਉਣ ਵੱਲ ਲੈ ਕਾ ਜਾਂਦਾ ਹੈ" (ਕਹਾਉਤਾਂ 10:27; 16:6; 19:23)।

"**ਧਿਆਨ**" (שִׂיחָה, *ਸਿਚਾਹ)* "ਪ੍ਰਾਰਥਨਾ" ਦਾ ਹਵਾਲਾ ਹੋ ਸਕਦਾ ਹੈ।[2] ਫ੍ਰਾਂਸਿਸ ਆਈ. ਐਂਡਰਸਨ ਦੇ ਅਨੁਸਾਰ, ਅਲੀਫ਼ਜ਼ ਕਹਿ ਰਿਹਾ ਸੀ, "ਅੱਯੂਬ ਸਿਰਫ ਮੂਰਖ ਨਹੀਂ ਹੈ; ਉਹ ਖਤਰਨਾਕ ਹੈ; ਉਸ ਦੀਆਂ ਗੱਲਾਂ ਚੰਗੇ ਧਰਮ ਲਈ ਇਕ ਖ਼ਤਰਾ ਹਨ।"[3]

ਆਇਤਾਂ 5, 6. ਅਲੀਫ਼ਜ਼ ਦੇ ਅਨੁਸਾਰ, ਅੱਯੂਬ ਦੇ ਆਪਣੇ ਸ਼ਬਦ ਉਸ ਦੀ **ਬਦੀ** ਵਿਖਾਉਣਗੇ ਅਤੇ ਨਿੰਦਾ ਕਰਨਗੇ। ਅਲੀਫ਼ਜ਼ ਨੇ ਦਾਅਵਾ ਕੀਤਾ ਕਿ ਇਹ ਇਕ ਜਾਣਬੁੱਝ ਕੇ ਕੀਤੀ ਗਈ ਚੋਣ ਦੀ ਜੋ ਅੱਯੂਬ ਨੇ ਕੀਤੀ ਸੀ। ਜੌਨ ਈ. ਹਾਰਟਲੀ ਨੇ ਇਹ ਕਹਿ ਕੇ ਇਸ ਪੈਰ੍ਹੇ ਨੂੰ ਸੰਖੇਪ ਵਿਚ ਬਿਆਨ ਕੀਤਾ, "[ਅੱਯੂਬ ਦੀਆਂ] ਗਲਤੀਆਂ ਨੇ ਉਸ ਨੂੰ ਆਪਣੇ ਮਿੱਤਰਾਂ ਅਤੇ ਪਰਮੇਸ਼ੁਰ ਵਿਰੁੱਧ ਸ਼ਿਕਾਇਤ ਕਰਕੇ ਆਪਣਾ ਬਚਾਅ ਕਰਨ ਲਈ ਪ੍ਰੇਰਿਆ। ਆਪਣੀ ਗਲਤੀ ਨੂੰ ਢੱਕਣ ਦੇ ਲਈ ਉਹ *ਛਲੀਆਂ ਦੀ ਜ਼ਬਾਨ ਚੁਣਦਾ ਹੈ*।"[4] **ਛਲੀਆ** (עָרוּם, *ਅਰੂਮ)* ਸ਼ਬਦ ਅਦਨ ਦੇ ਬਾਗ਼ ਵਿਚ ਸੱਪ ਦਾ ਵਰਣਨ ਕਰਨ ਲਈ ਵਰਤਿਆ ਗਿਆ ਹੈ (ਉਤਪਤ 3:1)।

ਅੱਯੂਬ ਤੇ ਉਹ ਆਦਮੀ ਹੋਣ ਦਾ ਦੋਸ਼ ਲੱਗਾ ਜੋ ਇਹ ਸਭ ਜਾਣਦਾ ਹੈ (15:7-16)

7ਕੀ ਪਹਿਲਾ ਆਦਮੀ ਤੂੰ ਹੀ ਜੰਮਿਆ, ਯਾ ਪਹਾੜਾਂ ਥੋਂ ਪਹਿਲਾਂ ਤੂੰ ਹੀ ਪੈਦਾ ਹੋਇਆ? 8ਕੀ ਤੂੰ ਪਰਮੇਸ਼ੁਰ ਦੇ ਗੁਪਤ ਮਤੇ ਨੂੰ ਸੁਣਦਾ ਹੈਂ, ਯਾ ਤੈਂ ਬੁੱਧ ਦਾ ਠੇਕਾ ਲੈ ਰੱਖਿਆ ਹੈ? 9ਤੂੰ ਕੀ ਜਾਣਦਾ ਹੈਂ ਜੋ ਅਸੀਂ ਨਹੀਂ ਜਾਣਦੇ? ਤੂੰ ਕੀ ਸਮਝਦਾ ਹੈਂ ਜੋ ਸਾਡੇ ਕੋਲ ਨਹੀਂ ਹੈ? 10ਸਾਡੇ ਵਿੱਚ ਧੌਲਿਆਂ ਵਾਲੇ ਵੀ ਨਾਲੇ ਬੁੱਢੇ ਬੁੱਢੇ ਵੀ ਹਨ, ਜਿਹੜੇ ਤੇਰੇ ਪਿਉ ਨਾਲੋਂ ਵੀ ਵੱਡੀ ਉਮਰ ਦੇ ਹਨ। 11ਭਲਾ, ਪਰਮੇਸ਼ੁਰ ਦੀਆਂ ਤਸੱਲੀਆਂ, ਅਤੇ ਤੇਰੇ ਨਾਲ ਨਰਮੀ ਦਾ ਬਚਨ ਤੇਰੇ ਲਈ ਹਲਕੇ ਹਨ? 12ਤੇਰਾ ਮਨ ਤੈਨੂੰ ਕਿਉਂ ਖਿੱਚੀ ਜਾਂਦਾ ਹੈ। ਤੇਰੀਆਂ ਅੱਖੀਆਂ ਕਿਉਂ ਟੱਡੀਆਂ ਹੋਈਆਂ ਹਨ, 13ਭਈ ਤੂੰ ਆਪਣਾ ਆਤਮਾ ਪਰਮੇਸ਼ੁਰ ਦੇ ਵਿਰੁੱਧ ਕਰਦਾ ਹੈਂ, ਅਤੇ ਆਪਣੇ ਮੂੰਹ ਥੋਂ ਗੱਲਾਂ ਬਕਦਾ ਹੈਂ? 14ਇਨਸਾਨ ਕੀ ਹੈ ਭਈ ਉਹ ਪਾਕ ਹੋਵੇ, ਅਤੇ ਉਹ ਜੋ

ਤੀਵੀਂ ਤੋਂ ਜੰਮਿਆ ਕੀ, ਭਈ ਉਹ ਧਰਮੀ ਠਹਿਰੇ? [15]ਵੇਖੋ, ਉਹ ਆਪਣੇ ਪਵਿੱਤ੍ਰ ਜਨਾਂ ਉੱਤੇ ਬਿਸਵਾਸ ਨਹੀਂ ਰੱਖਦਾ, ਅਤੇ ਅਕਾਸ਼ ਵੀ ਉਹ ਦੀਆਂ ਅੱਖਾਂ ਵਿੱਚ ਪਾਕ ਨਹੀਂ, [16]ਭਲਾ, ਉਹ ਕੀ ਜੋ ਘਿਣਾਉਣਾ ਤੇ ਮਲੀਨ ਹੈ, ਇੱਕ ਮਨੁੱਖ ਜੋ ਪਾਣੀ ਵਾਂਙੁ ਬੁਰਿਆਈ ਪੀਂਦਾ ਹੈ?

ਤਿੱਖੀ ਨਫਰਤ ਨਾਲ ਅਲੀਫ਼ਜ਼ ਨੇ ਅੱਯੂਬ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛੇ ਤਾਂ ਕਿ ਉਹ ਪਰਮੇਸ਼ੁਰ ਅਤੇ ਮਨੁੱਖ ਦੇ ਵਿਰੁੱਧ ਆਪਣੇ ਘਮੰਡ ਤੋਂ ਤੋਬਾ ਕਰੇ। ਅਲੀਫ਼ਜ਼ ਨੇ ਉਸ ਦੀ ਗੁਸਤਾਖੀ ਦੇ ਲਈ ਅੱਯੂਬ ਦਾ ਮਜ਼ਾਕ ਉਡਾਇਆ। ਕੁਝ ਪ੍ਰਸ਼ਨ ਯਹੋਵਾਹ ਦੀਆਂ ਗੱਲਾਂਬਾਤਾਂ ਵਿਚ ਅੰਦਾਜ਼ਾ ਲਗਾਉਂਦੇ ਹਨ ਜੋ ਅੱਯੂਬ ਨੂੰ ਉਸ ਦੇ ਗਿਆਨ ਅਤੇ ਤਜ਼ਰਬੇ ਦੀਆਂ ਸੀਮਾਵਾਂ ਦੀ ਯਾਦ ਦਿਵਾਉਂਦੇ ਹਨ।[5]

ਆਇਤ 7. ਕੀ ਪਹਿਲਾ ਆਦਮੀ ਤੂੰ ਹੀ ਜੰਮਿਆ? "ਆਦਮੀ" ਲਈ ਜਿਹੜਾ ਇਬਰਾਨੀ ਸ਼ਬਦ (אָדָם, *ਆਦਮ)* ਵਰਤਿਆ ਗਿਆ ਹੈ ਉਹੀ ਸ਼ਬਦ ਹੈ ਜੋ ਉਤਪਤ 1:26 ਵਿਚ ਵਰਤਿਆ ਗਿਆ ਸੀ: "ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ।" ਇਹ ਪਹਿਲੇ ਆਦਮੀ, ਆਦਮ ਦਾ ਨਾਮ ਵੀ ਹੈ। ਰੌਬਰਟ ਐਲ. ਐਲਡਨ ਨੇ ਕਿਹਾ, "ਅੱਯੂਬ ਦੀ ਪੁਸਤਕ ਵਿਚ "ਮਨੁੱਖ/ਇਨਸਾਨ ਲਈ ਵਰਤੇ ਜਾਣ ਵਾਲੇ ਚਾਰ ਮੁੱਖ ਸ਼ਬਦਾਂ ਵਿੱਚੋਂ, ਇਹ ਮਹੱਤਵਪੂਰਣ ਹੈ ਕਿ ਇਸ ਆਇਤ ਵਿਚ, ਜੋ ਕਿ 'ਪਹਿਲੇ ਆਦਮੀ' ਦੀ ਗੱਲ ਕਰਦੀ ਹੈ, *ਆਦਮ* ਵਰਤਿਆ ਗਿਆ ਹੈ।"[6]

ਆਇਤ 8. ਕੀ ਤੂੰ ਪਰਮੇਸ਼ੁਰ ਦੇ ਗੁਪਤ ਮਤੇ ਨੂੰ ਸੁਣਦਾ ਹੈਂ? ਸ਼ਬਦ "ਗੁਪਤ ਮਤੇ" (סוֹד, *ਸੋਡ)* ਦਾ ਅਨੁਵਾਦ "ਸਭਾ" ਵੀ ਕੀਤਾ ਜਾ ਸਕਦਾ ਹੈ।[7] NIV ਬਾਈਬਲ ਕਹਿੰਦੀ ਹੈ, "ਕੀ ਤੂੰ ਪਰਮੇਸ਼ੁਰ ਦੀ ਸਭਾ ਨੂੰ ਸੁਣਦਾ ਹੈਂ?" ਇਹ ਭਾਸ਼ਾ ਪੁਸਤਕ ਦੇ ਪਹਿਲੇ ਅਧਿਆਵਾਂ ਵਿਚ ਸੁਰਗੀ ਅਦਾਲਤ ਦੇ ਦ੍ਰਿਸ਼ਾਂ ਨੂੰ ਯਾਦ ਕਰਾਉਂਦੀ ਹੈ (1:6-12; 2:1-6)। ਬੇਸ਼ੱਕ, ਅੱਯੂਬ ਕੋਲ ਅਧਿਕਾਰਤ ਜਾਣਕਾਰੀ ਤੱਕ ਪਹੁੰਚ ਨਹੀਂ ਸੀ ਜੋ ਦੂਤਾਂ ਲਈ ਰੱਖੀ ਗਈ ਸੀ।

ਆਇਤ 9. ਅੱਯੂਬ ਇਹ ਸੋਚ ਕੇ ਹੰਕਾਰੀ ਹੋਣ ਲਈ ਝਿੜਕਿਆ ਗਿਆ ਕਿ ਉਹ ਮਿੱਤਰਾਂ ਨਾਲੋਂ ਜ਼ਿਆਦਾ ਜਾਣਦਾ ਸੀ, ਹਾਲਾਂਕਿ ਉਸ ਨੇ ਇਸ ਤੱਥ ਨੂੰ ਨਹੀਂ ਦੱਸਿਆ ਸੀ।

ਆਇਤ 10. ਇਸ ਆਇਤ ਤੋਂ ਪਤਾ ਲੱਗਦਾ ਹੈ ਕਿ ਸਾਰੇ ਮਿੱਤਰ ਅੱਯੂਬ ਨਾਲੋਂ ਵੱਡੇ ਸਨ। **ਧੌਲਿਆਂ ਵਾਲੇ, ਬੁੱਢੇ ਬੁੱਢੇ** ਅਤੇ **ਪਿਉ ਨਾਲੋਂ ਵੀ ਵੱਡੀ ਉਮਰ ਦੇ** ਸ਼ਬਦ ਬਹੁਤ ਹੀ ਘੱਟ ਮਿਲਦੇ ਹਨ। "ਧੌਲਿਆਂ ਵਾਲੇ" (שִׂיב, *ਸਿਬ)* ਸਿਰਫ 1 ਸਮੂਏਲ 12:2 ਵਿਚ ਕਿਰਿਆ ਦੇ ਰੂਪ ਵਿਚ ਹੋਰ ਕਿਧਰੇ ਆਉਂਦਾ ਹੈ। "ਬੁੱਢੇ ਬੁੱਢੇ" (יָשִׁישׁ, *ਯਾਸ਼ਿਸ਼)* ਸਿਰਫ ਅੱਯੂਬ ਦੀ ਪੁਸਤਕ ਵਿਚ ਪਾਇਆ ਜਾਂਦਾ ਹੈ (12:12; 15:10; 29:8; 32:6)। "ਤੇਰੇ ਪਿਉ ਨਾਲੋਂ ਵੀ ਵੱਡੀ ਉਮਰ ਦੇ" ਸ਼ਾਬਦਿਕ ਤੌਰ ਤੇ "ਤੇਰੇ ਪਿਉ ਨਾਲੋਂ ਵੀ ਵੱਡਾ" ਹੈ। ਇਕ ਖੇਤਰ ਵਿਚ ਜਿੱਥੇ ਉਮਰ ਦਾ ਸਤਿਕਾਰ ਕੀਤਾ ਜਾਂਦਾ ਹੈ, ਇਹ ਜ਼ਬਰਦਸਤ ਝਿੜਕ ਹੋਵੇਗੀ (32:6, 7 ਤੇ ਟਿੱਪਣੀਆਂ ਵੇਖੋ)।

ਆਇਤ 11. ਭਲਾ, ਪਰਮੇਸ਼ੁਰ ਦੀਆਂ ਤਸੱਲੀਆਂ, ਅਤੇ ਤੇਰੇ ਨਾਲ ਨਰਮੀ ਦਾ ਬਚਨ ਤੇਰੇ ਲਈ ਹਲਕੇ ਹਨ? ਸੈਮੂਏਲ ਕੌਕਸ ਨੇ ਸਮਝਾਇਆ,

> *ਪਰਮੇਸ਼ੁਰ ਦੀਆਂ ਤਸੱਲੀਆਂ,* ਜਿਸ ਦੁਆਰਾ ਉਸ ਦਾ ਅਰਥ ਉਹ ਭਰੋਸਾ ਹੈ ਜਿਹੜਾ, ਪਰਮੇਸ਼ੁਰ ਦੇ ਨਾਮ ਵਿਚ, ਉਨ੍ਹਾਂ ਨੇ ਉਸ ਨੂੰ ਉਸ ਦੇ ਦੁੱਖ ਤੋਂ ਮੁਕਤ ਕਰਨ, ਖੁਸ਼ਹਾਲ

ਹਾਲਾਤਾਂ ਵਿਚ ਬਹਾਲ ਕਰਨ ਅਤੇ ਇਸ ਸ਼ਾਂਤੀ ਵਾਲੀ ਬੁੱਢੀ ਉਮਰ ਦੇ ਲਈ ਦਿੱਤਾ ਸੀ, ਜੇ ਉਹ ਸਿਰਫ ਇਕਰਾਰ ਕਰਦਾ ਅਤੇ ਆਪਣੇ ਅਪਰਾਧ ਨੂੰ ਤਿਆਗ ਦਿੰਦਾ।[8]

ਆਇਤਾਂ 12, 13. ਤੇਰਾ ਮਨ ਤੈਨੂੰ ਕਿਉਂ ਖਿੱਚੀ ਜਾਂਦਾ ਹੈ? ਯਹੂਦੀ ਵਿਚਾਰ ਵਿਚ "ਦਿਲ" (ב ֵ֫ל, *ਲੇਬ)* ਭਾਵਨਾਵਾਂ, ਇੱਛਾ ਅਤੇ ਸਨੇਹਾਂ ਦਾ ਅਰਥਾਨ ਹੈ। ਕਹਾਉਤਾਂ ਦੀ ਪੁਸਤਕ ਕਹਿੰਦੀ ਹੈ, "ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ" (ਕਹਾਉਤਾਂ 4:23) ਅਤੇ "ਆਪਣਾ ਮਨ ਸਿੱਖਿਆ ਵੱਲ, ਅਤੇ ਆਪਣੇ ਕੰਨ ਗਿਆਨ ਦੀਆਂ ਗੱਲਾਂ ਵੱਲ ਲਾ" (ਕਹਾਉਤਾਂ 23:12)। ਯਿਸੂ ਨੇ ਸਿਖਾਇਆ, "ਚੰਗਾ ਆਦਮੀ ਆਪਣੇ ਮਨ ਦੇ ਚੰਗੇ ਖ਼ਜ਼ਾਨੇ ਵਿੱਚੋਂ ਚੰਗੀ ਗੱਲ ਕੱਢਦਾ ਹੈ ਅਤੇ ਬੁਰਾ ਆਦਮੀ ਬੁਰੇ ਖ਼ਜ਼ਾਨੇ ਵਿੱਚੋਂ ਬੁਰੀ ਗੱਲ ਕੱਢਦਾ ਹੈ ਕਿਉਂਕਿ ਜੋ ਮਨ ਵਿੱਚ ਭਰਿਆ ਹੋਇਆ ਹੈ ਉਹ ਦੇ ਮੂੰਹ ਉੱਤੇ ਉਹੋ ਆਉਂਦਾ ਹੈ" (ਲੂਕਾ 6:45)।

ਤੇਰੀਆਂ ਅੱਖੀਆਂ ਕਿਉਂ ਟੱਡੀਆਂ ਹੋਈਆਂ ਹਨ, ਭਈ ਤੂੰ ਆਪਣਾ ਆਤਮਾ ਪਰਮੇਸ਼ੁਰ ਦੇ ਵਿਰੁੱਧ ਕਰਦਾ ਹੈਂ? ਹਾਰਟਲੀ ਨੇ ਟਿੱਪਣੀ ਕੀਤੀ, "ਅੱਖਾਂ ਦਿਲ ਨਾਲ ਨੇੜਿਓਂ ਜੁੜੀਆਂ ਹੋਈਆਂ ਹਨ, ਕਿਉਂਕਿ ਉਹ ਦੋਵੇਂ ਦਿਲ ਨੂੰ ਜਾਣਕਾਰੀ ਭੇਜਦੀਆਂ ਹਨ (ਤੁਲਨਾ ਕਰੋ 31:1, 7) ਅਤੇ ਦਿਲ ਦੇ ਸੁਭਾਅ ਨੂੰ ਦਰਸਾਉਂਦੀਆਂ ਹਨ।"[9]

ਆਇਤਾਂ 14-16. ਅਲੀਫ਼ਜ਼ ਨੇ ਅੱਯੂਬ ਦੀਆਂ ਦਲੀਲਾਂ ਦਾ ਖੰਡਨ ਕਰਨ ਲਈ ਉਸ ਨੂੰ ਰਾਤ ਦੇ ਦਰਸ਼ਣ ਵਿਚ ਪ੍ਰਗਟ ਕੀਤੇ ਸੰਦੇਸ਼ ਨੂੰ ਦੁਹਰਾਇਆ (4:17, 18)। ਇਸ ਦਲੀਲ ਦੇ ਅਨੁਸਾਰ, **ਇਨਸਾਨ** ਉਸ ਨੇ ਆਪਣੇ ਸੁਭਾਅ ਦੁਆਰਾ **ਪਾਕ** ਅਤੇ **ਧਰਮੀ** ਨਹੀਂ ਹੋ ਸਕਦਾ। **ਆਪਣੇ ਪਵਿੱਤ੍ਰ ਜਨਾਂ** ਸੰਭਵ ਤੌਰ ਤੇ ਦੂਤਾਂ ਦਾ ਹਵਾਲਾ ਹੈ (ਵੇਖੋ 5:1)।[10] ਜੇਕਰ ਪਰਮੇਸ਼ੁਰ ਉਨ੍ਹਾਂ ਉੱਤੇ **ਬਿਸਵਾਸ ਨਹੀਂ ਰੱਖਦਾ** (4:18), ਉਹ **ਮਨੁੱਖ** ਉੱਤੇ ਬਿਸਵਾਸ ਕਿਉ ਕਰੇਗਾ **ਜੋ ਪਾਣੀ ਵਾਂਙੁ ਬੁਰਿਆਈ ਪੀਂਦਾ ਹੈ?**

ਇਸ ਪੈਰ੍ਹੇ ਵਿਚ ਸ਼ਬਦਾਂ ਦੇ ਪਿੱਛੇ ਅਲੀਫ਼ਜ਼ ਦਾ ਇਰਾਦਾ ਅੱਯੂਬ ਨੂੰ ਨਿਮਰ ਕਰਨਾ ਸੀ - ਉਸ ਨੂੰ ਸਿਰਜਣਹਾਰ ਦੇ ਸਾਹਮਣੇ ਇਕ ਜੀਵ ਦੇ ਤੌਰ ਤੇ ਉਸ ਦੀ ਜਗ੍ਹਾ ਦਾ ਅਹਿਸਾਸ ਕਰਾਉਣਾ ਸੀ। ਥੋੜ੍ਹੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਅਲੀਫ਼ਜ਼ ਨੇ ਮਨੁੱਖਜਾਤੀ ਦੇ ਬਹੁਤ ਹੀ ਨੀਵੇਂ ਵਿਚਾਰ ਨੂੰ ਦਰਸਾਇਆ ਸੀ।

ਬੁੱਧੀਮਾਨਾਂ ਦੁਆਰਾ ਵਰਣਨ ਕੀਤੀ ਗਈ ਦੁਸ਼ਟ ਮਨੁੱਖਾਂ ਦੀ ਦੁਰਦਸ਼ਾ (15:17-35)

**17ਮੈਂ ਤੈਨੂੰ ਸਮਝਾ ਦਿਆਂਗਾ ਸੋ ਮੇਰੀ ਸੁਣ, ਅਤੇ ਜਿਹ ਨੂੰ ਮੈਂ ਭਾਸਿਆ ਉਹ ਦਾ ਵਰਨਣ
ਮੈਂ ਕਰਾਂਗਾ, 18ਜੋ ਕੁਝ ਬੁੱਧੀਮਾਨਾਂ ਨੇ ਦੱਸਿਆ, ਆਪਣੇ ਪਿਉ ਦਾਦਿਆਂ ਥੋਂ ਸੁਣਕੇ, ਅਤੇ ਨਾ
ਛਿਪਾਇਆ, 19ਜਿਨ੍ਹਾਂ ਇਕੱਲਿਆਂ ਨੂੰ ਦੇਸ਼ ਦਿੱਤਾ ਗਿਆ, ਅਤੇ ਕੋਈ ਪਰਦੇਸੀ ਉਨ੍ਹਾਂ ਦੇ ਵਿੱਚੋਂ
ਦੀ ਨਾ ਲੰਘਿਆ, - 20ਦੁਸ਼ਟ ਜੀਵਨ ਭਰ ਤੜਫਦਾ ਹੈ, ਅਤੇ ਜ਼ਾਲਿਮ ਦੇ ਲਈ ਵਰਹੇ ਗਿਣ
ਕੇ ਰੱਖੇ ਹੋਏ ਹਨ। 21ਭੈਜਲ ਦੀ ਅਵਾਜ਼ ਉਹ ਦੇ ਕੰਨਾਂ ਵਿੱਚ ਹੈ, ਭਾਗਵਾਨੀ ਵਿੱਚ ਵੀ ਲੁਟੇਰਾ
ਉਹ ਦੇ ਉੱਤੇ ਆ ਪੈਂਦਾ ਹੈ, 22ਉਹ ਨੂੰ ਬਿਸਵਾਸ ਨਹੀਂ ਭਈ ਉਹ ਅਨ੍ਹੇਰੇ ਵਿੱਚੋਂ ਮੁੜ ਆਊਗਾ,
ਅਤੇ ਤਲਵਾਰ ਉਹ ਨੂੰ ਤੱਕ ਰਹੀ ਹੈ। 23ਉਹ ਰੋਟੀ ਲਈ ਮਾਰਿਆ ਮਾਰਿਆ ਫਿਰਦਾ ਹੈ,
ਭਈ ਉਹ ਕਿੱਥੇ ਹੈ? ਉਹ ਜਾਣਦਾ ਹੈ ਭਈ ਅਨ੍ਹੇਰੇ ਦਾ ਦਿਨ ਨੇੜੇ ਹੀ ਤਿਆਰ ਹੈ। 24ਪੀੜ
ਤੇ ਦੁਖ ਉਹ ਨੂੰ ਡਰਾਉਂਦੇ ਹਨ, ਉਸ ਰਾਜੇ ਵਾਂਙੁ ਜੋ ਜੁੱਧ ਲਈ ਤਿਆਰ ਹੈ, ਓਹ ਉਹ ਨੂੰ**

ਜਿੱਤ ਲੈਂਦੇ ਹਨ, [25]ਕਿਉਂ ਜੋ ਉਹ ਆਪਣਾ ਹੱਥ ਪਰਮੇਸ਼ੁਰ ਦੇ ਵਿਰੁੱਧ ਚੁੱਕਿਆ ਹੈ, ਅਤੇ ਸਰਬ ਸ਼ਕਤੀਮਾਨ ਦੇ ਵਿਰੁੱਧ ਨਾਸਾਂ ਚੁੱਕਦਾ ਹੈ, [26]ਉਹ ਉਸ ਉੱਤੇ ਟੇਢੀ ਧੌਣ ਨਾਲ ਆਪਣੀ ਮੋਟੀ ਮੋਟੀ ਨੋਕਦਾਰ ਢਾਲ ਨਾਲ ਦੌੜਦਾ ਹੈ, [27]ਉਸ ਨੇ ਆਪਣਾ ਚਿਹਰਾ ਚਰਬੀ ਨਾਲ ਕੱਜ ਲਿਆ ਹੈ, ਅਤੇ ਆਪਣੇ ਪੱਟਾਂ ਉੱਤੇ ਚਰਬੀ ਦੀਆਂ ਤਹਿਆਂ ਜਮਾਈਆਂ, [28]ਅਤੇ ਉਹ ਉਜੜੇ ਹੋਏ ਨਗਰਾਂ ਵਿੱਚ ਵੱਸ ਗਿਆ ਹੈ, ਘਰਾਂ ਵਿੱਚ ਜਿੱਥੇ ਕੋਈ ਵੱਸਿਆ ਨਹੀਂ, ਜਿਹੜੇ ਥੇਹ ਹੋਣ ਨੂੰ ਤਿਆਰ ਹਨ। [29]ਉਹ ਧਨੀ ਨਾ ਹੋਊਗਾ ਨਾ ਉਹ ਦਾ ਮਾਲ ਬਣਿਆ ਰਹੂਗਾ, ਨਾ ਉਹ ਦੀ ਉਪਜ ਧਰਤੀ ਵੱਲ ਝੁਕੂਗੀ। [30]ਉਹ ਅਨ੍ਹੇਰੇ ਥੋਂ ਨਾ ਨਿੱਕਲੂਗਾ, ਲਾਟਾਂ ਉਹ ਦੀਆਂ ਟਹਿਣੀਆਂ ਨੂੰ ਸੁਕਾ ਦੇਣਗੀਆਂ, ਅਤੇ ਉਹ ਦੇ ਮੂੰਹ ਦੇ ਸੁਆਸ ਨਾਲ ਉਹ ਜਾਂਦਾ ਰਹੂਗਾ। [31]ਉਹ ਧੋਖੇ ਨਾਲ ਆਪਣੇ ਬਿਅਰਥ ਉੱਤੇ ਬਿਸਵਾਸ ਨਾ ਕਰੇ, ਕਿਉਂ ਜੋ ਬਿਅਰਥ ਹੀ ਉਹ ਦਾ ਅਜਰ ਹੋਊਗਾ। [32]ਉਹ ਉਸ ਦੇ ਦਿਨ ਥੋਂ ਪਹਿਲਾਂ ਪੂਰਾ ਹੋ ਜਾਊਗਾ, ਅਤੇ ਉਹ ਦੀ ਟਹਿਣੀ ਹਰੀ ਨਾ ਰਹੂਗੀ। [33]ਉਹ ਆਪਣੀ ਕੱਚੀ ਦਾਖ ਨੂੰ ਬੇਲ ਵਾਂਙੁ ਝਾੜ ਸਿੱਟੂਗਾ, ਅਤੇ ਜ਼ੈਤੂਨ ਵਾਂਙੁ ਆਪਣੇ ਫੁੱਲਾਂ ਨੂੰ ਡੇਗ ਦਿਊਗਾ। [34]ਅਧਰਮੀਆਂ ਦੀ ਮੰਡਲੀ ਨਿਸਫਲ ਹੁੰਦੀ ਹੈ, ਅਤੇ ਅੱਗ ਵੱਢੀ ਲੈਣ ਵਾਲਿਆਂ ਦੇ ਡੇਰੇ ਨੂੰ ਭਸਮ ਕਰ ਦਿੰਦੀ ਹੈ। [35]ਉਨ੍ਹਾਂ ਦੇ ਗਰਭ ਵਿੱਚ ਸ਼ਰਾਰਤ ਪੈਂਦੀ, ਅਤੇ ਬਦੀ ਜੰਮਦੀ ਹੈ, ਅਤੇ ਉਨ੍ਹਾਂ ਦੇ ਪੇਟ ਵਿੱਚ ਛਲ ਤਿਆਰ ਹੋ ਜਾਂਦਾ ਹੈ।

ਆਪਣੀ ਦੂਜੀ ਗੱਲਬਾਤ ਦੇ ਇਸ ਲੰਬੇ ਅੰਤਮ ਪੈਰ੍ਹੇ ਵਿਚ, ਅਲੀਫ਼ਜ਼ ਨੇ ਦੁਸ਼ਟ ਆਦਮੀਆਂ ਦੀ ਭਿਆਨਕ ਦੁਰਦਸ਼ਾ ਦਾ ਇਕ ਸਪੱਸ਼ਟ ਵੇਰਵਾ ਦਿੱਤਾ ਕਿਉਂਕਿ ਇਹ ਬੁੱਧੀਮਾਨ ਆਦਮੀਆਂ ਦੁਆਰਾ ਦੱਸਿਆ ਗਿਆ ਸੀ। ਐੱਚ. ਐੱਚ. ਰਾਊਲੀ ਨੇ ਸਹੀ ਟਿੱਪਣੀ ਕੀਤੀ ਕਿ “ਇਸ ਸਿਧਾਂਤ ਦੀ ਇੱਕੋ ਇਕ ਮੁਸ਼ਕਲ ਇਹ ਹੈ ਕਿ ਇਹ ਅਨੁਭਵ ਦੇ ਸਾਰੇ ਤੱਥਾਂ ਨਾਲ ਮੇਲ ਨਹੀਂ ਖਾਂਦਾ।”[11] ਆਮ ਤੌਰ ਤੇ ਵੱਧ ਤੋਂ ਵੱਧ ਤੱਥਾਂ ਦੇ ਸਹੀ ਬਿਆਨਾਂ ਵਿਚ ਬਦਲਣਾ ਇਕ ਖ਼ਤਰਨਾਕ ਚੀਜ਼ ਹੈ।

ਆਇਤ 17. ਅਲੀਫ਼ਜ਼ ਅੱਯੂਬ ਨੂੰ ਉਹ ਦੱਸਣ ਲਈ ਉਤਸੁਕ ਸੀ ਜੋ ਉਸ ਨੇ **ਭਾਸਿਆ** ਸੀ। ਇਹ ਵੇਖਣ ਲਈ ਆਮ ਇਬਰਾਨੀ ਸ਼ਬਦ ਨਹੀਂ ਹੈ। ਇਹ ਮੂਲ ਸ਼ਬਦ חָזָה (*ਚਾਜ਼ਾਹ)* ਤੋਂ ਆਇਆ ਹੈ, ਜਿਸ ਦਾ ਅਰਥ ਹੈ “ਕਲਪਨਾ ਕਰਨਾ/ਪਰਕਾਸ਼ ਦੁਆਰਾ ਵੇਖਣਾ।”[12] ਇਹ ਭਾਸ਼ਾ ਅਲੀਫ਼ਜ਼ ਦੇ ਪਿਛਲੇ ਦਾਅਵੇ ਜਿਸ ਵਿਚ ਉਸ ਨੇ “ਰਾਤ ਦੀਆਂ ਦ੍ਰਿਸ਼ਟੀਆਂ” ਮਿਲਣ ਦਾ ਦਾਅਵਾ ਕੀਤਾ ਸੀ ਨਾਲ ਮੇਲ ਖਾਂਦੀ ਹੈ (4:13)।

ਆਇਤਾਂ 18, 19. ਜੋ ਕੁਝ ਬੁੱਧੀਮਾਨਾਂ ਨੇ ਦੱਸਿਆ, ਆਪਣੇ ਪਿਉ ਦਾਦਿਆਂ ਥੋਂ ਸੁਣਕੇ, ਅਤੇ ਨਾ ਛਿਪਾਇਆ। ਅਲੀਫ਼ਜ਼ ਨੇ ਜੋ ਸੁਣਿਆ ਸੀ ਉਸ ਨੂੰ ਵੀ ਸਾਂਝਾ ਕਰਨਾ ਚਾਹੁੰਦਾ ਸੀ - ਪਰੰਪਰਾ ਜੋ ਦੇਸ਼ ਦੇ ਬਜ਼ੁਰਗਾਂ ਦੁਆਰਾ ਸੌਂਪੀ ਗਈ ਸੀ (15:10)। **ਜਿਨ੍ਹਾਂ ਇਕੱਲਿਆਂ ਨੂੰ ਦੇਸ਼ ਦਿੱਤਾ ਗਿਆ, ਅਤੇ ਕੋਈ ਪਰਦੇਸੀ ਉਨ੍ਹਾਂ ਦੇ ਵਿੱਚੋਂ ਦੀ ਨਾ ਲੰਘਿਆ।** ਹਾਰਟਲੀ ਨੇ ਵਿਆਖਿਆ ਕੀਤੀ, “ਕਿਉਂਕਿ ਕੋਈ ਵਿਦੇਸ਼ੀ ਉਨ੍ਹਾਂ ਵਿਚ ਨਹੀਂ ਰਹਿੰਦਾ ਸੀ, ਕਿਸੇ ਵਿਦੇਸ਼ੀ ਪ੍ਰਭਾਵ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭ੍ਰਿਸ਼ਟ ਨਹੀਂ ਕੀਤਾ। ਇਹ ਆਮ ਵਿਸ਼ਵਾਸ ਸੀ ਕਿ ਕਿਸੇ ਨੂੰ ਇਕ ਪਰੰਪਰਾ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਵਿਦੇਸ਼ੀ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ।”[13] ਅਲੀਫ਼ਜ਼ ਅੱਯੂਬ ਨੂੰ ਮੁੜ ਤੋਂ ਭਰੋਸਾ ਦਿਵਾ ਰਿਹਾ ਸੀ ਕਿ ਉਸ ਦਾ ਸੰਦੇਸ਼ ਪੂਰਾ ਅਤੇ ਭਰੋਸੇਯੋਗ ਸੀ।

ਆਇਤਾਂ 20-24. ਇਹ ਆਇਤਾਂ **ਦੁਸ਼ਟ** ਦੇ ਦੁਖੀ ਅੰਤਹਕਰਨ ਦਾ ਇਕ ਸਪੱਸ਼ਟ ਵੇਰਵਾ

ਹਨ। ਧਰਤੀ ਉੱਤੇ ਉਸ ਦੇ ਸੀਮਤ **ਵਰਹੇ ਦੁੱਖ** ਨਾਲ ਭਰੇ ਹੋਏ ਹਨ। ਚਿੰਤਾ ਵਿਚ, ਉਹ **ਭੈਜਲ ਦੀ ਅਵਾਜ਼** ਸੁਣਦਾ ਹੈ; ਮਾਨਸਿਕ ਪੀੜਾ ਦੇ ਕਾਰਨ, ਉਸ ਨੂੰ ਕੋਈ **ਭਾਗਵਾਨੀ** ਨਹੀਂ ਹੈ। ਉਹ **ਲੁਟੇਰੇ** ਦੀ ਤਲਵਾਰ ਨਾਲ ਉਸ ਉੱਤੇ ਹਮਲਾ ਕਰਨ ਦੀ ਕਲਪਨਾ ਕਰਦਾ ਹੈ। ਇਨ੍ਹਾਂ ਡਰਾਂ ਕਾਰਣ, ਉਹ ਬੇਚੈਨ ਭਟਕਣ ਵਾਲੇ ਦੀ ਜ਼ਿੰਦਗੀ ਜੀਉਂਦਾ ਹੈ। ਉਸ ਦੀ ਡਾਵਾਂਡੋਲ ਸਥਿਤੀ ਉਸ ਨੂੰ **ਰੋਟੀ** ਦੀ ਭਾਲ ਕਰਨ ਦਾ ਸਬੱਬ ਬਣਦੀ ਹੈ। ਉਹ ਸਭ ਜੋ ਉਸ ਦੇ ਅੱਗੇ ਵੇਖ ਸਕਦਾ ਹੈ ਉਹ **ਅਨ੍ਹੇਰਾ** ਅਤੇ ਮੌਤ ਹੈ। ਉਸ ਉਸ ਦੀ ਆਪਣੀ **ਪੀੜ ਤੇ ਦੁਖ** ਦੁਆਰਾ ਜਿੱਤਿਆ ਜਾਂਦਾ ਹੈ।

ਆਇਤਾਂ 25-27. ਇਹ ਆਇਤਾਂ ਦੁਸ਼ਟ ਲੋਕਾਂ ਦੀ ਦੁਰਦਸ਼ਾ ਦੇ ਕਾਰਣ ਦੱਸਦੀਆਂ ਹਨ। **ਉਹ ਆਪਣਾ ਹੱਥ ਪਰਮੇਸ਼ੁਰ ਦੇ ਵਿਰੁੱਧ ਚੁੱਕਿਆ ਹੈ** ਦਾ ਅਰਥ ਹੈ "ਮਾਰਨ ਦੇ ਉਦੇਸ਼ ਲਈ, ਜਾਂ ਉਸ ਨੂੰ ਚੁਣੌਤੀ ਦੇ ਪ੍ਰਤੀਕ ਵਜੋਂ।"[14] **ਸਰਬ ਸ਼ਕਤੀਮਾਨ ਦੇ ਵਿਰੁੱਧ ਨਾਸਾਂ ਚੁੱਕਣ** ਨਾਲ ਪੇਸ਼ ਆਉਣਾ ਉਸ ਦੇ ਵਿਰੁੱਧ ਤਾਕਤਵਾਰ ਤਰੀਕੇ ਨਾਲ ਜਾਂ ਤਾਕਤਵਰ ਆਦਮੀ ਵਜੋਂ ਕੰਮ ਕਰਨਾ ਹੈ। ਇਹ ਉਹੀ ਚੁਣੌਤੀ ਹੈ ਜੋ ਅਧਿਆਇ 40 ਵਿਚ ਪਰਮੇਸ਼ੁਰ ਨੇ ਖੁਦ ਅੱਯੂਬ ਨੂੰ ਦਿੱਤੀ ਸੀ: "ਮਰਦ ਵਾਂਙੁ ਜ਼ਰਾ ਆਪਣੀ ਕਮਰ ਕੱਸ! ਮੈਂ ਤੈਥੋਂ ਸਵਾਲ ਕਰਾਂਗਾ, ਅਤੇ ਤੂੰ ਮੈਨੂੰ ਸਮਝਾ!" (40:7)।

ਉਹ ਉਸ ਉੱਤੇ ਟੇਢੀ ਧੌਣ ਨਾਲ ਆਪਣੀ ਮੋਟੀ ਮੋਟੀ ਨੋਕਦਾਰ ਢਾਲ ਨਾਲ ਦੌੜਦਾ ਹੈ, ਉਸ ਨੇ ਆਪਣਾ ਚਿਹਰਾ ਚਰਬੀ ਨਾਲ ਕੱਜ ਲਿਆ ਹੈ, ਅਤੇ ਆਪਣੇ ਪੱਟਾਂ ਉੱਤੇ ਚਰਬੀ ਦੀਆਂ ਤਹਿਆਂ ਜਮਾਈਆਂ। ਐਂਡਰਸਨ ਨੇ ਕਿਹਾ ਕਿ "ਅਲੀਫ਼ਜ਼ ਨੇ ਬੇਇੱਜ਼ਤ 'ਸ਼ਾੱਡੇ ਦੇ ਖਿਲਾਫ ਨਾਇਕਾਂ ਵਰਗਾ ਕੰਮ ਕਰਨ ਦੀ ਇਕ ਹਾਸੋਹੀਣੀ ਤਸਵੀਰ ਪੇਸ਼ ਕੀਤੀ, ਪੂਰੇ ਕਵਚ, ਗਰਦਨ-ਮੇਲ ਅਤੇ ਮੋਟੇ-ਮੋਟੇ ਨਾਲ ਉਸ ਦੇ ਖਿਲਾਫ ਦੋਸ਼ ਲਾਇਆ।'"[15]

ਆਇਤ 28. ਇਸ ਆਇਤ ਦੇ ਅਰਥ ਨੂੰ ਨਿਰਧਾਰਤ ਕਰਨਾ ਮੁਸ਼ਕਲ ਹੈ। ਕੁਝ ਇਸ ਨੂੰ ਦੁਸ਼ਟ ਲੋਕਾਂ ਦੇ ਸ਼ਹਿਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਹਵਾਲੇ ਵਜੋਂ ਵੇਖਦੇ ਹਨ ਜੋ ਯਹੋਵਾਹ ਦੁਆਰਾ ਪਾਬੰਦੀ (ਸਰਾਪ) ਦੇ ਅਧੀਨ ਰੱਖੇ ਗਏ ਹਨ (ਵੇਖੋ ਯਹੋਸ਼ੁਆ 6:26; 1 ਰਾਜਿਆਂ 16:34; ਯਸਾਯਾਹ 13:19, 20)।[16] ਭਾਸ਼ਾ ਆਇਤ 23 ਦੇ ਅਨੁਸਾਰ ਵੀ ਹੋ ਸਕਦੀ ਹੈ ਜਿੱਥੇ ਦੁਸ਼ਟ ਆਦਮੀ ਨੂੰ ਭਟਕਣ ਵਾਲਾ ਜਾਂ ਭਗੌੜਾ ਦੱਸਿਆ ਗਿਆ ਹੈ; ਉਸ ਨੂੰ **ਉਜੜੇ ਹੋਏ ਨਗਰਾਂ** ਦੇ **ਥੇਹ** - ਉਹ ਜਗ੍ਹਾ ਜਿੱਥੇ ਕੋਈ ਨਹੀਂ ਰਹਿੰਦਾ ਸੀ - ਵਿਚ ਪਨਾਹ ਮਿਲੀ ਹੈ।

ਆਇਤਾਂ 29-33. ਅਲੀਫ਼ਜ਼ ਨੇ ਦਲੀਲ ਦਿੱਤੀ ਕਿ ਦੁਸ਼ਟ ਦਾ **ਮਾਲ** ਨਾ **ਰਹੂਗਾ** ਅਤੇ ਉਹ ਮੌਤ ਤੋਂ **ਨਾ ਨਿੱਕਲੂਗਾ**। ਉਸ ਦੀ ਬਰਬਾਦੀ ਦਾ ਵਰਣਨ ਕਰਨ ਦੇ ਲਈ ਖੇਤੀਬਾੜੀ ਦੇ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ:

1. **ਨਾ ਉਹ ਦੀ ਉਪਜ ਧਰਤੀ ਵੱਲ ਝੁਕੂਗੀ** (15:29)।
2. **ਲਾਟਾਂ ਉਹ ਦੀਆਂ ਟਹਿਣੀਆਂ ਨੂੰ ਸੁਕਾ ਦੇਣਗੀਆਂ** (15:30)।
3. **ਉਹ ਦੀ ਟਹਿਣੀ ਹਰੀ ਨਾ ਰਹੇਗੀ** (15:32)।
4. **ਉਹ ਆਪਣੀ ਕੱਚੀ ਦਾਖ ਨੂੰ ਬੇਲ ਵਾਂਙੁ ਝਾੜ ਸਿੱਟੂਗਾ** (15:33)।
5. ਉਹ **ਜ਼ੈਤੂਨ ਵਾਂਙੁ ਆਪਣੇ ਫੁੱਲਾਂ ਨੂੰ ਡੇਗ ਦਿਊਗਾ** (15:33)।

ਅਲੀਫ਼ਜ਼ ਦੁਆਰਾ "ਉਪਜ," "ਖਜੂਰ ਦੀ ਟਹਿਣੀ," "ਦਾਖ" ਅਤੇ "ਜ਼ੈਤੂਨ" ਨੂੰ "ਦੁਸ਼ਟ ਲੋਕਾਂ ਦੇ ਜੀਵਨ ਅਤੇ ਅੰਤ ਉੱਤੇ ਜ਼ੋਰ ਦੇਣ ਲਈ ਇਸਤੇਮਾਲ ਕੀਤਾ ਗਿਆ ਸੀ।"[17] ਇਤਿਹਾਸ ਦੇ

ਬਾਅਦ ਵਿਚ, ਪਰਮੇਸ਼ੁਰ ਨੇ ਆਪਣੇ ਲੋਕਾਂ ਦੀ ਬੇਵਫ਼ਾਈ ਕਰਕੇ ਇਸਰਾਏਲ ਦੀ ਧਰਤੀ ਉੱਤੇ ਅਜਿਹੀਆਂ ਬਿਪਤਾਂ ਲਿਆਂਦੀਆਂ ਸਨ (ਹੋਸ਼ੇਆ 2:8, 9; ਆਮੋਸ 4:9; ਹੱਜਈ 2:14-19)।

ਆਇਤ 34. ਮੰਡਲੀ (עֵדָה, *ਈਡਾਥ)* "ਪੁਰਾਣੇ ਨੇਮ ਵਿਚ ਇਕ ਅਜਿਹਾ ਸ਼ਬਦ ਹੈ ਜਿਸ ਨੂੰ ਅਕਸਰ ਇਕ 'ਟੋਲੀ, ਜੁੰਡੀ, ਧੜਾ, ਸਮੂਹ' ਦਾ ਹਵਾਲਾ ਦੇਣ ਲਈ ਵਰਤਿਆ ਗਿਆ ਹੈ ਜੋ ਇਕ ਆਮ ਆਗੂ ਦੀ ਪਾਲਣਾ ਕਰਦਾ ਹੈ।"[18] **ਅਧਰਮੀ** (חָנֵף, *ਚਨੇਪ)* ਅਸ਼ੁੱਧ ਜਾਂ ਅਧਾਰਮਿਕ ਵਿਅਕਤੀ ਹਨ (8:13 ਤੇ ਟਿੱਪਣੀਆਂ ਵੇਖੋ)। ਉਹ **ਨਿਸਫਲ** ਹੋਣਗੇ, ਅਰਥਾਤ, ਬਿਨਾਂ ਸੰਤਾਨ ਦੇ ਅਤੇ ਉਨ੍ਹਾਂ ਦੀ ਸਾਰੀ ਦੌਲਤ ਨਸ਼ਟ ਹੋ ਜਾਵੇਗੀ।

ਆਇਤ 35. ਉਨ੍ਹਾਂ ਦੇ ਗਰਭ ਵਿੱਚ ਸ਼ਰਾਰਤ ਪੈਂਦੀ, ਅਤੇ ਬਦੀ ਜੰਮਦੀ ਹੈ, ਅਤੇ ਉਨ੍ਹਾਂ ਦੇ ਪੇਟ ਵਿੱਚ ਛਲ ਤਿਆਰ ਹੋ ਜਾਂਦਾ ਹੈ। ਹਾਲਾਂਕਿ ਅਲੀਫ਼ਜ਼ ਨੇ ਅੱਯੂਬ ਉੱਤੇ ਸਿੱਧੇ ਤੌਰ ਤੇ ਇਨ੍ਹਾਂ ਪਾਪਾਂ ਦਾ ਦੋਸ਼ ਨਹੀਂ ਲਗਾਇਆ, ਪਰ ਇਹ ਸਪੱਸ਼ਟ ਹੈ ਕਿ ਉਸ ਨੇ ਉਸ ਨੂੰ ਉਨ੍ਹਾਂ ਦੇ ਲਈ ਦੋਸ਼ੀ ਮੰਨਿਆ। ਨਹੀਂ ਤਾਂ, ਉਸ ਨੂੰ ਇਸ ਤਰ੍ਹਾਂ ਦਾ ਦੁੱਖ ਨਹੀਂ ਹੋਣਾ ਸੀ। ਜਿਵੇਂ ਕਿ KJV ਬਾਈਬਲ ਵਿਚ ਸਪੱਸ਼ਟ ਹੈ, ਅਲੀਫ਼ਜ਼ ਦੀ ਗੱਲਬਾਤ "ਪੇਟ" (בֶּטֶן, *ਬੀਟੇਨ)* ਨਾਲ ਸ਼ੁਰੂ ਅਤੇ ਖਤਮ ਹੁੰਦੀ ਹੈ। ਉਸ ਨੇ ਸੰਕੇਤ ਕੀਤਾ ਕਿ ਅੱਯੂਬ ਦੇ ਪੇਟ ਵਿੱਚੋਂ ਹਵਾਈ ਗਿਆਨ (15:2) ਅਤੇ ਛਲ (15:35) ਨਿਕੱਲਦਾ ਹੈ।

ਪ੍ਰਾਸੰਗਿਕਤਾ

ਹੰਕਾਰ ਨਾਲ ਭਰਿਆ ਹੋਇਆ (ਅਧਿਆਇ 15)

ਇਕ ਬੁੱਧੀਮਾਨ, ਧਰਮੀ ਚਰਵਾਹੇ ਦੀ ਸੇਵਾ ਕਦੇ ਸਮੇਂ ਜੋ ਮੇਰਾ ਸਲਾਹਕਾਰ ਅਤੇ ਦੋਸਤ ਬਣ ਗਿਆ ਸੀ, ਮੈਂ ਨਿਰਾਸ਼ ਹੋ ਗਿਆ ਅਤੇ ਸਲਾਹ ਲਈ ਉਸ ਕੋਲ ਗਿਆ। ਮੈਂ ਕਦੇ ਵੀ ਉਸ ਗਿਆਨ ਨੂੰ ਨਹੀਂ ਭੁੱਲਾਂਗਾ ਜੋ ਪਰਮੇਸ਼ੁਰ ਦੇ ਇਸ ਬੰਦੇ ਨੇ ਮੇਰੇ ਨਾਲ ਸਾਂਝਾ ਕੀਤਾ ਸੀ। ਉਸ ਨੇ ਕਿਹਾ, "ਲੋਕ ਅਕਸਰ ਤੁਹਾਨੂੰ ਨਿਰਾਸ਼ ਕਰਨਗੇ, ਪਰ ਸਾਡਾ ਪਰਮੇਸ਼ੁਰ ਕਦੇ ਨਿਰਾਸ਼ ਨਹੀਂ ਕਰੇਗਾ। ਇਸੇ ਲਈ, ਆਪਣੀ ਨਿਹਚਾ ਅਤੇ ਭਰੋਸਾ ਪਰਮੇਸ਼ੁਰ ਉੱਤੇ ਰੱਖੋ।" ਵੀਹ ਸਾਲਾਂ ਤੋਂ ਵੱਧ ਸੇਵਕਾਈ ਦੇ ਦੌਰਾਨ, ਮੈਂ ਉਸ ਦੀ ਸਲਾਹ ਬਾਰੇ ਸੋਚਿਆ ਹੈ ਕਿਉਂਕਿ ਇਹ ਸੱਚ ਹੈ। ਸਾਡਾ ਪਰਮੇਸ਼ੁਰ ਸਾਨੂੰ ਕਦੇ ਨਿਰਾਸ਼ ਨਹੀਂ ਕਰੇਗਾ, ਪਰ ਅਸੀਂ ਸਾਰੇ ਦੂਜਿਆਂ ਦੁਆਰਾ ਨਿਰਾਸ਼ ਹੋਏ ਹਾਂ - ਅਤੇ ਨਿਰਾਸ਼ਾ ਠੇਸ ਪਹੁੰਚਾਉਂਦੀ ਹੈ। ਨਿਰਾਸ਼ਾ ਹੋਰ ਡੂੰਘੀ ਹੋ ਜਾਂਦੀ ਹੈ ਜਦੋਂ ਜ਼ਖ਼ਮ ਇਕ ਭਰੋਸੇਮੰਦ ਦੋਸਤ ਦੁਆਰਾ ਦਿੱਤੇ ਜਾਂਦੇ ਹਨ। ਉਹ ਜ਼ਖ਼ਮ ਹੋਰ ਵੀ ਡੂੰਘੇ ਹੋ ਜਾਂਦੇ ਹਨ ਜਦੋਂ ਉਹ ਇਕ ਅਜਿਹੇ ਦੋਸਤ ਵੱਲੋਂ ਆਉਂਦੇ ਹਨ ਜਿਹੜਾ ਹੰਕਾਰ ਨਾਲ ਭਰਿਆ ਪਿਆ ਹੈ। ਸੰਵਾਦਾਂ ਦੇ ਪਹਿਲੇ ਗੇੜ ਵਿਚ, ਮਿੱਤਰਾਂ ਨੇ ਅੱਯੂਬ ਨੂੰ ਨਾ ਸਿਰਫ ਨਿਰਾਸ਼ ਕੀਤਾ, ਬਲਕਿ ਉਨ੍ਹਾਂ ਦੇ ਸ਼ਬਦਾਂ ਨੇ ਉਸ ਨੂੰ ਡੂੰਘੀ ਸੱਟ ਵੀ ਲਾਈ।

ਅਧਿਆਇ 15 ਅੱਯੂਬ ਅਤੇ ਉਸ ਦੇ ਮਿੱਤਰਾਂ ਵਿਚਕਾਰ ਗੱਲਬਾਤ ਦੇ ਦੂਜੇ ਗੇੜ ਦੀ ਸ਼ੁਰੂਆਤ ਕਰਦਾ ਹੈ। ਕੀ ਮਿੱਤਰ ਇਸ ਵਾਰ ਜ਼ਿਆਦਾ ਹਮਦਰਦ ਅਤੇ ਦਿਲਾਸਾ ਦੇਣ ਵਾਲੇ ਸਨ? ਅਫ਼ਸੋਸ ਦੀ ਗੱਲ ਹੈ ਕਿ ਅਜਿਹਾ ਨਹੀਂ ਸੀ। ਦਰਅਸਲ, ਉਨ੍ਹਾਂ ਦੀਆਂ ਟਿੱਪਣੀਆਂ ਹੋਰ ਮਜ਼ਬੂਤ ਅਤੇ ਹੋਰ ਤੀਬਰ ਹੋ ਗਈਆਂ। ਉਨ੍ਹਾਂ ਦੀਆਂ ਸਖ਼ਤ ਟਿੱਪਣੀਆਂ ਅਤੇ ਉਨ੍ਹਾਂ ਵਿਚ ਤਰਸ ਦੀ ਘਾਟ ਹੰਕਾਰ ਦਾ ਨਤੀਜਾ ਸੀ। ਇਸ ਅਧਿਆਇ ਵਿਚ, ਅਲੀਫ਼ਜ਼ ਦੂਜੀ ਵਾਰ ਹੰਕਾਰ ਨਾਲ ਬੋਲਿਆ।

ਅਲੀਫ਼ਜ਼ ਹੰਕਾਰ ਨਾਲ ਭਰਿਆ ਹੋਇਆ ਸੀ। ਜਦੋਂ ਅਲੀਫ਼ਜ਼ ਨੇ ਦੂਜੀ ਵਾਰ ਅੱਯੂਬ

ਨਾਲ ਗੱਲ ਕੀਤੀ, ਤਾਂ ਉਸ ਦੀਆਂ ਸ਼ੁਰੂਆਤੀ ਟਿੱਪਣੀਆਂ ਮਨਮੋਹਕ ਸਨ (15:1-3)। ਉਸ ਨੇ ਅੱਯੂਬ ਤੇ ਹੰਕਾਰੀ ਹੋਣ (15:4) ਅਤੇ "ਛਲੀਆਂ ਦੀ ਜ਼ਬਾਨ" ਪਿੱਛੇ ਲੁਕਣ (15:5) ਦਾ ਦੋਸ਼ ਲਾਇਆ। ਗੁਸਤਾਖ ਹੋਣ ਲਈ, ਅਲੀਫ਼ਜ਼ ਅੱਯੂਬ ਉੱਤੇ ਝੂਠਾ ਹੋਣ ਦਾ ਦੋਸ਼ ਲਗਾ ਰਿਹਾ ਸੀ (15:6)। ਇਨ੍ਹਾਂ ਦੋਸ਼ਾਂ ਨੇ ਅੱਯੂਬ ਨੂੰ ਬਹੁਤ ਦੁੱਖ ਪਹੁੰਚਾਇਆ ਕਿਉਂਕਿ ਉਹ ਖਰਾ ਮਨੁੱਖ ਸੀ। ਹੰਕਾਰ ਕਿੱਥੋਂ ਆਉਂਦਾ ਹੈ? ਲੂਕਾ 6:45 ਵਿਚ, ਯਿਸੂ ਨੇ ਸਾਡੇ ਲਈ ਇਸ ਸਵਾਲ ਦਾ ਜਵਾਬ ਦਿੱਤਾ। ਉਸ ਨੇ ਕਿਹਾ, "ਚੰਗਾ ਆਦਮੀ ਆਪਣੇ ਮਨ ਦੇ ਚੰਗੇ ਖ਼ਜ਼ਾਨੇ ਵਿੱਚੋਂ ਚੰਗੀ ਗੱਲ ਕੱਢਦਾ ਹੈ ਅਤੇ ਬੁਰਾ ਆਦਮੀ ਬੁਰੇ ਖ਼ਜ਼ਾਨੇ ਵਿੱਚੋਂ ਬੁਰੀ ਗੱਲ ਕੱਢਦਾ ਹੈ ਕਿਉਂਕਿ ਜੋ ਮਨ ਵਿੱਚ ਭਰਿਆ ਹੋਇਆ ਹੈ ਉਹ ਦੇ ਮੂੰਹ ਉੱਤੇ ਉਹੋ ਆਉਂਦਾ ਹੈ।" ਅਲੀਫ਼ਜ਼ ਦੀ ਗੱਲਬਾਤ ਪੜ੍ਹਨ ਤੋਂ, ਇਹ ਸਪੱਸ਼ਟ ਹੁੰਦਾ ਹੈ ਕਿ ਉਸ ਦਾ ਦਿਲ ਹੰਕਾਰ ਨਾਲ ਭਰ ਗਿਆ ਸੀ।

ਪਰਮੇਸ਼ੁਰ ਹੰਕਾਰ ਨੂੰ ਨਫਰਤ ਕਰਦਾ ਹੈ। ਕਹਾਉਤਾਂ 6:16-19 ਵਿਚ, ਬਾਈਬਲ ਸਾਨੂੰ ਦੱਸਦੀ ਹੈ, "ਛੀਆਂ ਵਸਤਾਂ ਨਾਲ ਯਹੋਵਾਹ ਵੈਰ ਰੱਖਦਾ ਹੈ" ਅਤੇ ਪਹਿਲੀ ਜੋ "ਉਹ ਦੇ ਜੀ ਨੂੰ ਘਿਣਾਉਣੀ ਲੱਗਦੀ ਹੈ" ਉਹ ਵਿਅਕਤੀ ਹੈ ਜਿਸ ਦੀਆਂ "ਉੱਚੀਆਂ ਅੱਖਾਂ" ਹਨ। ਕਹਾਉਤਾਂ 3:34 ਦਾ ਹਵਾਲਾ ਦਿੰਦੇ ਹੋਏ ਯਾਕੂਬ 4:6 ਅਤੇ 1 ਪਤਰਸ 5:5 ਦੋਵੇਂ ਕਹਿੰਦੇ ਹਨ, "ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਹੈ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ।"

ਹੰਕਾਰ ਸਵੈ-ਨਿਰਭਰਤਾ ਨੂੰ ਉਤਸ਼ਾਹਤ ਕਰਦਾ ਹੈ। ਹੰਕਾਰ ਨੇ ਬਾਬਲ ਦਾ ਬੁਰਜ ਬਣਾਇਆ, ਪਰ ਯਹੋਵਾਹ ਨੇ ਉਨ੍ਹਾਂ ਦੀ ਯੋਜਨਾ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਦੀ ਭਾਸ਼ਾ ਨੂੰ ਉਲਝਾ ਦਿੱਤਾ (ਉਤਪਤ 11:1-9)। ਹੰਕਾਰ ਨੇ ਨਅਮਾਨ ਨੂੰ "ਕ੍ਰੋਧੀ" ਬਣਾ ਦਿੱਤਾ ਜਦੋਂ ਅਲੀਸ਼ਾ ਨੇ ਉਸ ਨੂੰ ਕੋੜ੍ਹ ਤੋਂ ਠੀਕ ਹੋਣ ਲਈ ਯਰਦਨ ਨਦੀ ਵਿਚ ਸੱਤ ਵਾਰ ਡੁਬਕੀ ਲਗਾਉਣ ਲਈ ਕਿਹਾ (2 ਰਾਜਿਆਂ 5:11)। ਹੰਕਾਰ ਦੇ ਕਾਰਨ ਰਾਜਾ ਨਬੂਕਦਨੱਸਰ ਜਦੋਂ ਆਪਣੇ ਸ਼ਾਹੀ ਮਹਿਲ ਦੀ ਛੱਤ ਉੱਤੇ ਟਹਿਲ ਰਿਹਾ ਸੀ ਤਾਂ ਉਸ ਨੇ ਕਿਹਾ, "ਕੀ ਏਹ ਉਹ ਵੱਡਾ ਬਾਬਲ ਨਹੀਂ ਜਿਸ ਨੂੰ ਮੈਂ ਆਪਣੀ ਸ਼ਕਤੀ ਦੇ ਬਲ ਨਾਲ ... ਬਣਾਇਆ ਹੈ ਭਈ ਮੇਰੀ ਮਹਿਮਾ ਦੀ ਵੱਡਿਆਈ ਹੋਵੇ?" (ਦਾਨੀਏਲ 4:30)। ਬਾਈਬਲ ਕਹਿੰਦੀ ਹੈ ਕਿ ਜਦੋਂ ਇਹ ਸ਼ਬਦ ਅਜੇ ਉਸ ਦੇ ਮੂੰਹ ਵਿਚ ਸਨ, ਰਾਜਾ ਮਨੁੱਖਾਂ ਵਿੱਚੋਂ ਹਾਕਿਆ ਗਿਆ ਅਤੇ ਉਹ ਇਕ ਜਾਨਵਰ ਵਰਗਾ ਹੋ ਗਿਆ (ਦਾਨੀਏਲ 4:31-33)। ਕਹਾਉਤਾਂ 16:18 ਸਾਨੂੰ ਦੱਸਦੀ ਹੈ, "ਨਾਸ ਤੋਂ ਪਹਿਲਾਂ ਹੰਕਾਰ ਅਤੇ ਡਿੱਗਣ ਤੋਂ ਪਹਿਲਾਂ ਘੁਮੰਡੀ ਰੂਹ ਹੁੰਦੀ ਹੈ।"

ਹੰਕਾਰ ਨੇ ਉਜਾੜੂ ਪੁੱਤਰ ਨੂੰ ਆਪਣੇ ਪਿਤਾ ਕੋਲੋਂ ਜਾਇਦਾਦ ਦੀ ਮੰਗ ਕਰਨ ਲਈ ਮਜਬੂਰ ਕੀਤਾ ਅਤੇ ਇਹ ਉਸੇ ਪੁੱਤਰ ਨੂੰ ਦੂਰ ਦੇਸ਼ ਵੱਲ ਲੈ ਗਿਆ (ਲੂਕਾ 15:12, 13)। ਹੰਕਾਰ ਨੇ ਉਸ ਦੇ ਵੱਡੇ ਭਰਾ ਨੂੰ ਫੜ ਲਿਆ, ਜਿਸ ਨੇ ਜਿੱਦ ਵਿਚ ਆ ਕੇ ਆਪਣੇ ਪਿਤਾ ਨਾਲ ਅਨੰਦ ਕਰਨ ਤੋਂ ਇਨਕਾਰ ਕਰ ਦਿੱਤਾ ਜਦੋਂ ਉਸ ਦਾ ਉਜਾੜੂ ਪੁੱਤਰ ਪਛਤਾ ਕੇ ਘਰ ਆ ਗਿਆ (ਲੂਕਾ 15:28-30)। ਹੰਕਾਰ ਨਾਲ ਭਰੇ ਹੋਏ, ਪਤਰਸ ਨੇ ਯਿਸੂ ਨੂੰ ਕਿਹਾ, "ਭਾਵੇਂ ਤੇਰੇ ਕਾਰਨ ਸੱਭੇ ਠੋਕਰ ਖਾਣ ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ" (ਮੱਤੀ 26:33)। ਬਹੁਤ ਸਾਰੇ ਪਾਪਾਂ ਦੀ ਜੜ੍ਹ ਹੰਕਾਰ ਹੁੰਦਾ ਹੈ ਅਤੇ ਪਰਮੇਸ਼ੁਰ ਹੰਕਾਰ ਅਤੇ ਘਮੰਡ ਨੂੰ ਨਫਰਤ ਕਰਦਾ ਹੈ (ਕਹਾਉਤਾਂ 8:13)। ਦਰਅਸਲ, ਪਿਆਰ ਰਸੂਲ ਯੂਹੰਨਾ ਨੇ ਲਿਖਿਆ ਕਿ "... ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ" (1 ਯੂਹੰਨਾ 2:16)।

ਹੰਕਾਰ ਕਠੋਰ ਹੈ। ਅਲੀਫ਼ਜ਼ ਕਠੋਰ ਸੀ ਜਦੋਂ ਉਸ ਨੇ ਅਲੰਕਾਰਕ ਪ੍ਰਸ਼ਨ ਪੁੱਛਿਆ "ਕੀ ਪਹਿਲਾ ਆਦਮੀ ਤੂੰ ਹੀ ਜੰਮਿਆ?" (15:7)। ਕਠੋਰ ਅਤੇ ਵਿਅੰਗਾਤਮਕ ਹੋਣਾ ਹੰਕਾਰ ਦਾ ਇਕ ਹੋਰ ਸੰਕੇਤ ਹੈ। ਅਲੀਫ਼ਜ਼ ਨੇ ਫਿਰ ਘਮੰਡੀ ਬਿਆਨਾਂ ਵਿੱਚੋਂ ਇਕ ਬਹੁਤ ਘਮੰਡੀ ਬਿਆਨ

ਦਿੱਤਾ ਜੋ ਕੋਈ ਵੀ ਕਦੇ ਵੀ ਕਰ ਸਕਦਾ ਹੈ ਜਦੋਂ ਉਸ ਨੇ ਅੱਯੂਬ ਨੂੰ ਪੁੱਛਿਆ, "ਤੂੰ ਕੀ ਜਾਣਦਾ ਹੈਂ ਜੋ ਅਸੀਂ ਨਹੀਂ ਜਾਣਦੇ? ਤੂੰ ਕੀ ਸਮਝਦਾ ਹੈਂ ਜੋ ਸਾਡੇ ਕੋਲ ਨਹੀਂ ਹੈ?" (15:9)। ਸਿਰਫ ਇਕ ਹੰਕਾਰੀ ਵਿਅਕਤੀ ਇਸ ਤਰ੍ਹਾਂ ਦੇ ਦੋ ਪ੍ਰਸ਼ਨ ਪੁੱਛੇਗਾ। ਤੇਜ਼ ਤਰਾਰ ਤਰੀਕੇ ਨਾਲ, ਅਲੀਫ਼ਜ਼ ਨੇ ਅੱਯੂਬ ਨੇ ਅਪਮਾਨ ਅਤੇ ਇਲਜ਼ਾਮ ਲਾਉਣਾ ਜਾਰੀ ਰੱਖਿਆ (15:11-16)।

ਉੱਤਮਤਾ ਦੇ ਰਵੱਈਏ ਨਾਲ, ਹੰਕਾਰ ਉੱਚੀ ਅਵਾਜ਼ ਵਿਚ ਭਾਸ਼ਣ ਦਿੰਦਾ ਹੈ ਅਤੇ ਸੁਣਨ ਲਈ ਨਹੀਂ ਰੁਕਦਾ। ਅਲੀਫ਼ਜ਼ ਨੇ ਅੱਯੂਬ ਦਾ ਇਕ ਤੋਂ ਬਾਅਦ ਇਕ ਅਪਮਾਨ ਕੀਤਾ ਅਤੇ ਉਸ ਨੇ ਹਿੰਮਤ ਨਹੀਂ ਹਾਰੀ। ਉੱਤਮਤਾ ਦੇ ਰਵੱਈਏ ਦੇ ਨਾਲ, ਅਲੀਫ਼ਜ਼ ਨੇ ਮੰਗ ਕੀਤੀ ਕਿ ਅੱਯੂਬ ਉਸ ਦੀ ਗੱਲ ਸੁਣੇ ਜਦੋਂ ਉਸ ਨੇ ਉਪਦੇਸ਼ ਦਾ ਇਕ ਲੰਬੀ ਨਿੰਦਾ ਦੇਣੀ ਸ਼ੁਰੂ ਕੀਤੀ (15:17-35)। ਕੀ ਤੁਸੀਂ ਕਦੇ ਉਸ ਵਿਅਕਤੀ ਦੇ ਇਰਦ ਗਿਰਦ ਰਹੇ ਹੋ ਜੋ ਉੱਚਾ ਅਤੇ ਉੱਚਾ ਅਤੇ ਕਠੋਰ ਅਤੇ ਕਠੋਰ ਹੁੰਦਾ ਜਾਂਦਾ ਹੈ ਜਦੋਂ ਉਹ ਬੋਲਦਾ ਹੈ? ਉਹ ਇਸ ਸੰਦਰਭ ਵਿਚ ਅਲੀਫ਼ਜ਼ ਸੀ।

ਕੁਲੁੱਸੀਆ 4:4 ਵਿਚ, ਪੌਲੁਸ ਨੇ ਕਲੀਸੀਆ ਨੂੰ ਉਸ ਦੇ ਲਈ ਪ੍ਰਾਰਥਨਾ ਕਰਨ ਲਈ ਕਿਹਾ "ਭਈ ਜਿਵੇਂ ਮੈਨੂੰ ਵਰਨਣ ਕਰਨਾ ਜੋਗ ਹੈ ਤਿਹਾ ਹੀ ਉਸ ਨੂੰ ਪਰਗਟ ਕਰਾਂ।" ਫਿਰ ਉਸ ਨੇ ਕਲੀਸੀਆ ਨੂੰ ਇਨ੍ਹਾਂ ਸ਼ਬਦਾਂ ਨਾਲ ਚੁਣੌਤੀ ਦਿੱਤੀ, "ਤੁਹਾਡੀ ਗੱਲ ਬਾਤ ਸਦਾ ਕਿਰਪਾਮਈ ਅਤੇ ਸਲੂਣੀ ਹੋਵੇ ਤਾਂ ਜੋ ਤੁਸੀਂ ਜਾਣੋ ਭਈ ਹਰੇਕ ਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ" (ਕੁਲੁੱਸੀਆਂ 4:6)। ਅਫ਼ਸੋਸ ਦੀ ਗੱਲ ਹੈ ਕਿ ਅਲੀਫ਼ਜ਼ ਦੇ ਅੱਯੂਬ ਨੂੰ ਜਵਾਬ ਵਿਚ ਕਿਰਪਾ ਦਾ ਇਕ ਸੰਕੇਤ ਨਹੀਂ ਮਿਲਿਆ। ਆਪਣੇ ਦੁੱਖ ਅਤੇ ਸੋਗ ਦੇ ਇਸ ਸਮੇਂ ਵਿਚ, ਅੱਯੂਬ ਨੂੰ ਉੱਚੇ ਭਾਸ਼ਣ ਜਾਂ ਵਿਅੰਗਾਤਮਕ ਉਪਦੇਸ਼ ਦੀ ਜ਼ਰੂਰਤ ਨਹੀਂ ਸੀ। ਇਸ ਦੀ ਬਜਾਇ, ਉਸ ਨੂੰ ਉਸ ਵਿਅਕਤੀ ਦੀ ਜ਼ਰੂਰਤ ਸੀ ਜੋ ਧਿਆਨ ਦੇਣ ਵਾਲਾ ਅਤੇ ਸਮਝ ਵਾਲਾ ਸੀ। ਅੱਯੂਬ ਨੂੰ ਰੋਣ ਲਈ ਮੋਢੇ ਦੀ ਲੋੜ ਸੀ; ਉਸ ਨੂੰ ਬਸ ਇਕ ਹਮਦਰਦ ਦੋਸਤ ਦੀ ਲੋੜ ਸੀ। ਅਫ਼ਸੋਸ ਦੀ ਗੱਲ ਹੈ ਕਿ ਅਲੀਫ਼ਜ਼ ਉਹ ਨਿਮਰ ਅਤੇ ਦਿਆਲੂ ਦੋਸਤ ਨਹੀਂ ਸੀ।

ਸਿੱਟਾ। ਹਰੇਕ ਮਸੀਹੀ ਵਿਅਕਤੀ ਜਾਣਦਾ ਹੈ ਕਿ "ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਹੈ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ" (ਯਾਕੂਬ 4:6) ਅਤੇ ਬਹੁਤ ਸਾਰੇ ਯਾਕੂਬ 4:10 ਦਾ ਹਵਾਲਾ ਦੇ ਸਕਦੇ ਹਨ: "ਪ੍ਰਭੂ ਦੇ ਅੱਗੇ ਨੀਵੇਂ ਬਣੋ ਤਾਂ ਉਹ ਤੁਹਾਨੂੰ ਉੱਚਿਆਂ ਕਰੇਗਾ।" ਕੀ ਤੁਸੀਂ ਅਗਲੀ ਆਇਤ ਦਾ ਹਵਾਲਾ ਦੇ ਸਕਦੇ ਹੋ, ਜੋ ਯਾਕੂਬ 4:11 ਹੈ? ਇਹ ਕਹਿੰਦੀ ਹੈ, "ਹੇ ਭਰਾਵੋ, ਇੱਕ ਦੂਏ ਦੇ ਵਿਰੁੱਧ ਨਾ ਬੋਲੋ।" ਅਲੀਫ਼ਜ਼ ਵਰਗੇ ਲੋਕਾਂ ਵਿਚ ਹੰਕਾਰ ਲੱਭਣਾ ਆਸਾਨ ਹੈ। ਪਰ, ਆਪਣੇ ਆਪ ਵਿਚ ਇਸ ਨੂੰ ਵੇਖਣਾ ਮੁਸ਼ਕਲ ਹੈ। ਯਾਕੂਬ 1:26 ਕਹਿੰਦੀ ਹੈ, "ਜੇ ਕੋਈ ਆਪਣੇ ਆਪ ਨੂੰ ਭਗਤੀ ਕਰਨ ਵਾਲਾ ਸਮਝੇ ਅਤੇ ਆਪਣੀ ਜੀਭ ਨੂੰ ਲਗਾਮ ਨਾ ਚਾੜ੍ਹੇ ਸਗੋਂ ਆਪਣੇ ਹੀ ਦਿਲ ਨੂੰ ਧੋਖਾ ਦੇਵੇ ਤਾਂ ਓਸ ਮਨੁੱਖ ਦੀ ਭਗਤੀ ਅਵਿਰਥੀ ਹੈ।" ਮਸੀਹੀ ਹੋਣ ਦੇ ਨਾਤੇ, ਅਸੀਂ ਆਪਣੇ ਆਪ ਨੂੰ ਨਿਮਰ ਬਣਾਉਣਾ, ਆਪਣੀਆਂ ਜੀਭਾਂ ਤੇ ਲਗਾਮ ਲਗਾਉਣਾ ਅਤੇ ਇਕ ਦੂਜੇ ਪ੍ਰਤੀ ਦਿਆਲੂ ਹੋਣਾ ਸਿੱਖੀਏ।

ਐਫ. ਮਿਲਸ

ਟਿੱਪਣੀਆਂ

[1]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 139. [2]ਜ਼ਬੂਰ 102:1 ਵਿਚ ਇੱਥੇ ਵਰਤਿਆ ਗਿਆ ਇਬਰਾਨੀ ਸ਼ਬਦ ਪ੍ਰਾਰਥਨਾ ਦੇ ਇਕ ਸਮਾਨ ਵਜੋਂ ਪਾਇਆ ਗਿਆ ਹੈ। [3]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ

ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 175. [4]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 245. [5]ਐਚ. ਐਚ. ਰਾਊਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 134. [6]ਰੌਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਨ ਹੋਲਮੈਨ ਪਬਲਿਸ਼ਰਜ਼, 1993), 174. ਐਲਡਨ ਨੇ ਅੱਗੇ ਟਿੱਪਣੀ ਕੀਤੀ, "ਚਾਰ ਸ਼ਬਦ ਹਨ אָדָם [*ਆਦਮ*] (ਸਤਾਈ ਵਾਰ), אִישׁ [*ਇਸ਼*] (ਅਠਾਈ ਵਾਰ), אֱנוֹשׁ [*ਈਨੋਸ਼*] (ਇਕੱਤੀ ਵਾਰ) ਅਤੇ גֶּבֶר [*ਜੀਬਰ*] (ਪੰਦਰਾਂ ਵਾਰ)" (ਐਲਡਨ, 174, ਨੰ. 5)। [7]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਸਟੱਡੀ ਐਡੀਸ਼ਨ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:745. [8]ਸੈਮੂਏਲ ਕੋਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 192. [9]ਹਾਰਟਲੀ, 247. [10]ਉਸੇ ਸਥਾਨ ਤੇ।

[11]ਰਾਊਲੀ, 137. [12]ਐਲਡਨ, 177. [13]ਹਾਰਟਲੀ, 251. [14]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 298. [15]ਐਂਡਰਸਨ, 178. [16]ਰਾਊਲੀ, 141. [17]ਹੇਲੀ, 146. [18]ਰੀਬਰਨ, 303.